Weekly

# CANADA SIKH TIMES

6 - 12 April 2024 | ਕੈਨੇਡਾ ਸਿੱਖ ਟਾਈਮਜ਼ | Volume 2 Issue 14

• RELIGION • CULTURE • HERITAGE • BUSINESS

## ਕੈਨੇਡਾ ਵਿਚ ਪੰਜਾਬੀ ਵਿਦਿਆਰਥੀਆਂ ਨੂੰ ਮਿਲਿਆ 3 ਲੱਖ ਡਾਲਰ ਦਾ ਵਜ਼ੀਫ਼ਾ




ਦੁਨੀਆਂ ਭਰ ਵਿਚ ਵੱਸਦੇ ਪੰਜਾਬੀ ਅਪਣੇ ਹੁਨਰ ਅਤੇ ਪ੍ਰਾਪਤੀਆਂ ਨਾਲ ਪੰਜਾਬ ਦਾ ਨਾਂਅ ਰੌਸ਼ਨ ਕਰ ਰਹੇ ਹਨ। ਕੈਨੇਡਾ ਵਿਚ 3 ਪੰਜਾਬੀ ਵਿਦਿਆਰਥੀਆਂ ਨੂੰ 3 ਲੱਖ ਡਾਲਰ ਯਾਨੀ ਇਕ ਕਰੋੜ 83 ਲੱਖ ਰੁਪਏ ਦਾ ਵਜ਼ੀਫ਼ਾ ਮਿਲਿਆ ਹੈ। ਕੈਨੇਡਾ ਦੇ ਵਿੱਦਿਅਕ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਵਾਲੀ ਨਾਮਵਰ ਸੰਸਥਾ ਲੋਰਨ ਸਕਾਲਰਜ਼ ਫਾਊਂਡੇਸ਼ਨ ਨੇ 12ਵੀਂ ਦੇ ਵਿਦਿਆਰਥੀ ਬਲਜੋਤ ਸਿੰਘ ਰਾਏ, ਸ਼ਰਈਆ ਜੈਨ ਅਤੇ ਐਸ਼ਲੇ ਸੱਭਰਵਾਲ ਦੀ ਚੋਣ ਕੀਤੀ ਹੈ। ਬਲਜੋਤ ਸਿੰਘ ਰਾਏ ਸੇਂਟ ਪਾਲ ਹਾਈ ਸਕੂਲ, ਸ਼ਰਈਆ ਜੈਨ ਮੈਪਲ ਰਿੱਜ ਸੈਕੰਡਰੀ ਸਕੂਲ ਅਤੇ ਐਸ਼ਲੇ ਸੱਭਰਵਾਲ ਕਲੇਟਨ ਹਾਈਟਸ ਸੈਕੰਡਰੀ ਸਕੂਲ ਦਾ ਵਿਦਿਆਰਥੀ ਹੈ। ਜ਼ਿਕਰਯੋਗ ਹੈ ਕਿ ਲੋਰਨ ਵਜ਼ੀਫ਼ੇ ਲਈ ਕੈਨੇਡਾ ਦੇ 500 ਸਕੂਲਾਂ ਦੇ 5200 ਵਿਦਿਆਰਥੀਆਂ ਨੇ ਅਰਜ਼ੀਆਂ ਦਿਤੀਆਂ ਸਨ, ਇਨ੍ਹਾਂ ਵਿਚੋਂ 90 ਵਿਦਿਆਰਥੀ ਹੀ ਫਾਈਨਲ ਵਿਚ ਪਹੁੰਚੇ। ਇਨ੍ਹਾਂ ਵਿਚੋਂ 36 ਵਿਦਿਆਰਥੀ ਹੀ ਵਜ਼ੀਫਾ ਲੈਣ ਵਿਚ ਕਾਮਯਾਬ ਹੋਏ।

## Canada Set to Raise Permanent Residency Fees by 12%




Canada is raising its fees for permanent residency applications by 12% to keep up with inflation. As India remains the top source of Canadian immigrants, the fee increase may affect some aspiring applicants. India has always been a significant source of permanent residents in Canada. However, aspiring immigrants seeking Canadian permanent residency now face higher costs as the Immigration, Refugees, and Citizenship Canada (IRCC) announced an approximately 12% fee hike across key immigration programmes starting at the end of this month. Effective April 30, the 'right of permanent residence fee' will increase from Canadian dollar (CAD) 515 to CAD 575, aligning with inflation rates.

## Kindness, Humility and Equality: Sikh Tradition of Sewa - 3

### Show Empathy

Sewa extends beyond physical acts to include emotional and intellectual support. Mentoring someone in need, offering guidance, or simply being a supportive friend are potent ways to practise selfless service. By uplifting others, individuals can create a supportive and harmonious environment. Understanding the struggles and challenges others face is an aspect of Sewa. By actively listening, empathising, and helping, individuals can build connections and foster a sense of unity within their communities.

### Embrace the spirit

Engaging in selfless service – or Sewa – promotes personal growth and can give youa sense of purpose and fulfilment, contributing to overall wellbeing. It can also create a more robust, more resilient community. By actively participating in the wellbeing of others, you contribute to creating a supportive and interconnected society.

Sewa transcends religious and cultural boundaries, fostering unity among people from diverse backgrounds. In essence, embracing the spirit of Sewa is a powerful way to positively impact the world and promote a more compassionate and interconnected society.

- Jaswinder Singh

Courtesy: The Guardian (website)

◆◆◆◆◆

# DESH VIDESH

## ਕੋਟਕਪੁਰਾ ਦਾ ਨੌਜਵਾਨ ਪ੍ਰਭਜੋਤ ਸਿੰਘ ਚਲਾ ਰਿਹਾ ਫ੍ਰੀ ਲਰਨਿੰਗ ਪਲੇਟਫਾਰਮ



ਪੰਜਾਬ ਦੇ ਇਲਾਕੇ ਕੋਟਕਪੂਰਾ ਜ਼ਿਲ੍ਹਾ ਫਰੀਦਕੋਟ ਦਾ ਰਹਿਣ ਵਾਲਾ ਪ੍ਰਭਜੋਤ ਸਿੰਘ ਦਸਵੀਂ ਤੋਂ ਬਾਅਦ ਸੀ. ਐਸ. ਈ. ਚੌਥੇ ਸੈਮ ਵਿਚ ਡਿਪਲੋਮਾ ਕੋਰਸ ਕਰ ਰਿਹਾ ਹੈ। ਪ੍ਰਭਜੋਤ ਸਿੰਘ ਦੇ ਮਾਤਾ ਪਿਤਾ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ ਇਸ ਵਖਤ ਉਹ ਆਪਣੇ ਮਾਸੀ ਜੀ ਤੇ ਮਾਸੜ ਜੀ ਕੋਲ ਪਿਛਲੇ 10 ਸਾਲਾਂ ਤੋਂ ਰਹਿ ਰਿਹਾ ਹੈ। ਇਸ ਵਖਤ ਉਸਦੀ ਉੱਮਰ 16 ਸਾਲ ਹੈ ਤੇ ਇਸ ਉੱਮਰ ਵਿਚ ਉਸਨੇ ਬਹੁਤ ਕੁਝ ਹਾਸਿਲ ਕੀਤਾ ਹੈ। ਪ੍ਰਭਜੋਤ ਸਿੰਘ ਨੂੰ ਕਈ ਗਤੀਵਿਧੀਆਂ ਵਿੱਚ ਭਾਗ ਲੈਣਾ ਬਹੁਤ ਵਧੀਆ ਲੱਗਦਾ ਹੈ ਅਤੇ ਇਸ ਦੇ ਨਾਲ ਉਹ ਗੁਰਬਾਣੀ ਕੰਠ ਮੁਕਾਬਲੇ, ਪੀਪੀਟੀ, ਪ੍ਰਸ਼ਨੋਤਰੀ, ਪੋਸਟਰ ਮੇਕਿੰਗ ਤੇ ਕਈ ਮੁਕਾਬਲਿਆਂ ਵਿੱਚ ਵੱਧ ਚੜ ਕੇ ਹਿੱਸਾ ਲੈਂਦਾ ਹੈ ਤੇ ਕਈ ਇਨਾਮ ਜਿੱਤਦਾ ਹੈ, ਪ੍ਰਭਜੋਤ ਸਿੰਘ ਕਈ ਸਟੇਜਾਂ ਤੇ ਜਾ ਕੇ ਲੈਕਚਰ ਵੀ ਦਿੰਦਾ ਹੈ, ਆਪਣੇ ਜ਼ਿੰਦਗੀ ਦੇ ਤਜ਼ਰਬੇ ਵੀ ਸਾਂਝੇ ਕਰਦਾ ਹੈ ਤੇ ਆਓ ਬਣੀਏ ਗੁਰਸਿੱਖ ਪਿਆਰਾ ਸੀਜ਼ਨ 27 ਦਾ ਵੀ ਜੇਤੂ ਰਹਿ ਚੁੱਕਿਆ ਹੈ।

ਪ੍ਰਭਜੋਤ ਸਿੰਘ ਦਾ ਕਹਿਣਾ ਹੈ ਕਿ ਉਹ ਬਰਿਲਿਅੰਟ ਪੀ ਦੇ ਨਾਮ ਦਾ ਇੱਕ ਫਰੀ ਲਰਨਿੰਗ ਪਲੇਟਫਾਰਮ ਚਲਾ ਰਿਹਾ ਹੈ ਜਿਸ ਵਿੱਚ ਉਹ ਕਈ ਤਰ੍ਹਾਂ ਦੇ ਫਰੀ ਸਕਿਲਜ਼ ਕੋਰਸ ਆਯੋਜਿਤ ਕਰਵਾਉਂਦਾ ਹੈ ਤੇ ਕੇਵਲ ਪੰਜਾਬ ਚ ਹੀ ਨਹੀਂ ਸਗੋਂ ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਤੇ ਬਾਹਰਲੇ ਦੇਸ਼ਾਂ ਤੋਂ ਲੋਕ ਬੜੇ ਹੀ ਉਤਸ਼ਾਹ ਨਾਲ ਉਸ ਕੋਲ ਸਿੱਖਣ ਆਉਂਦੇ ਹਨ ਜਿਸ ਲਈ ਉਸਦੀ ਬਣਾਈ ਹੋਈ ਟੀਮ ਉਸਨੂੰ ਬਹੁਤ ਸਹਿਯੋਗ ਦਿੰਦੀ ਹੈ। ਹਰ ਇਕ ਭਾਗੀਦਾਰ ਕੋਰਸ ਸਮਾਪਤ ਹੋਣ ਤੋਂ ਬਾਅਦ ਸਰਟੀਫਿਕੇਟ ਅਤੇ ਰਿਪੋਰਟ ਕਾਰਡ ਫਰੀ ਵਿੱਚ ਪ੍ਰਾਪਤ ਕਰਦਾ ਹੈ। ਭਾਗੀਦਾਰਾਂ ਦਾ ਕਹਿਣਾ ਹੈ ਕਿ ਬਰਿਲਿਅੰਟ ਪੀ ਵਿਚ ਅਸੀਂ ਇਹਨਾਂ ਵਧੀਆ ਸਿਖ ਲੈਂਦੇ ਹਾਂ ਉਹ ਵੀ ਮੁਫ਼ਤ ਵਿਚ ਜਦਕਿ ਫੀਸਾਂ ਰਾਹੀਂ ਚਲਾਏ ਆ ਰਹੇ ਕੋਰਸ ਇਨਾ ਵਧੀਆ ਨਹੀਂ ਸਿਖਾ ਪਾਉਂਦੇ।

ਪ੍ਰਭਜੋਤ ਸਿੰਘ ਦਾ ਆਪਣਾ ਯੂਟਿਊਬ ਚੈਨਲ ਹੈ ਬਰਿਲਿਅੰਟ ਪੀ ਫ੍ਰੀ ਲਰਨਿੰਗ ਪਲੇਟਫਾਰਮ ਦੇ ਨਾਮ ਤੋਂ। ਪ੍ਰਭਜੋਤ ਸਿੰਘ ਦੁਆਰਾ ਚਲਾਏ ਜਾ ਰਹੇ ਬਰਿਲਿਅੰਟ ਪੀ ਦੇ ਵਿੱਚ ਇੰਟਰਨਸ਼ਿਪ ਲਈ ਪੂਰੀ ਦੁਨੀਆਂ ਦੇ ਕਈ ਇਲਾਕਿਆਂ ਤੋਂ ਲੋਕ ਉਤਸ਼ਾਹ ਨਾਲ ਇੰਟਰਨਸ਼ਿਪ ਕਰਦੇ ਹਨ ਉਹ ਕਈ ਵਿਦਿਆਰਥੀਆਂ ਨੂੰ, ਪ੍ਰੋਫੈਸਰਾਂ ਨੂੰ ਤੇ ਕਈ ਅਧਿਆਪਕਾਂ ਨੂੰ ਮੁਫ਼ਤ ਦੇ ਵਿੱਚ ਸਿਖਲਾਈ ਦੇ ਰਿਹਾ ਹੈ ਪਰ ਅਜੇ ਤੱਕ ਕਿਸੇ ਨੂੰ ਵੀ ਇਹ ਨਹੀਂ ਪਤਾ ਚੱਲ ਸਕਿਆ ਕਿ ਉਹ ਪ੍ਰਭਜੋਤ ਸਿੰਘ 16 ਸਾਲ ਦਾ ਹੈ ਤੇ ਉਹ ਉਹਨਾਂ ਨੂੰ ਸਿਖਾ ਰਿਹਾ ਹੈ ਜਦ ਕਿ ਹਰੇਕ ਨੂੰ ਲੱਗਦਾ ਹੈ ਕਿ ਉਹ ਇੱਕ ਅਧਿਆਪਕ ਹੈ ਤੇ ਸਾਰੇ ਉਸਨੂੰ ਸਰ ਕਹਿ ਕੇ ਬੁਲਾਉਂਦੇ ਹਨ।

ਇਹਨਾਂ ਸਭ ਹੁਨਰ ਨੂੰ ਦੇਖਦੇ ਹੋਏ ਪ੍ਰਭਜੋਤ ਸਿੰਘ ਨੂੰ ਸੁਕ੍ਰਿਤ ਟਰਸਟ ਵੱਲੋਂ ਮੋਬਾਇਲ ਨਾਲ ਸਨਮਾਨਿਤ ਕੀਤਾ ਗਿਆ ਅਤੇ ਕੁਝ ਸਮੇਂ ਬਾਅਦ ਐਜੂਕੇਟ ਪੰਜਾਬ ਪ੍ਰੋਜੈਕਟ ਵੱਲੋਂ ਪ੍ਰਭਜੋਤ ਸਿੰਘ ਨੂੰ ਲੈਪਟਾਪ ਨਾਲ ਸਨਮਾਨਿਤ ਕੀਤਾ ਗਿਆ। ਸਕਿਲਸ ਤੋਂ ਇਲਾਵਾ ਦੇਖਿਆ ਜਾਵੇ ਤਾਂ ਪ੍ਰਭਜੋਤ ਸਿੰਘ ਕੇਵਲ ਗਤੀਵਿਧੀਆਂ ਵਿੱਚ ਹੀ ਨਹੀਂ ਬਲਕਿ ਪੜ੍ਹਾਈ ਦੇ ਵਿੱਚ ਵੀ ਬਹੁਤ ਵਧੀਆ ਹੈ ਪਿਛਲੇ ਹੀ ਸਮੈਸਟਰ ਦੇ ਇਮਿਤਿਹਾਨ ਇਹ ਰਿਜਲਟ ਵਿੱਚ ਉਸ ਦਾ ਨਾਮ ਪੰਜਾਬ ਦੀ ਮੈਰਿਟ ਲਿਸਟ ਵਿੱਚ ਆਇਆ ਹੈ। ਅਖਬਾਰਾਂ ਵਿਚ ਬਹੁਤ ਵਾਰ ਉਸਦਾ ਜ਼ਿਕਰ ਵੀ ਕੀਤਾ ਗਿਆ ਹੈ।

ਪ੍ਰਭਜੋਤ ਸਿੰਘ ਪੜ੍ਹਾਈ ਦੇ ਨਾਲ ਨਾਲ ਕਮਾਈ ਵੀ ਕਰ ਰਿਹਾ ਹੈ ਉਸ ਕੋਲ ਕਈ ਲੋਕ ਆਪਣੇ ਪ੍ਰੋਜੈਕਟ ਲੈਕੇ ਆਉਂਦੇ ਹਨ। ਪ੍ਰਭਜੋਤ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਹਮੇਸ਼ਾ ਸਿੱਖਦੇ ਰਹਿਣਾ ਚਾਹੀਦਾ ਹੈ, ਹਮੇਸ਼ਾ ਸਿੱਖਦੇ ਰਹੀਏ, ਵੱਡਿਆਂ ਤੋਂ, ਛੋਟਿਆਂ ਤੋਂ ਅਤੇ ਆਪਣੇ ਹਾਣ ਦੀਆਂ ਉਮਰਾਂ ਦੇ ਲੋਕਾਂ ਤੋਂ। ਸਿੱਖਣ ਦੀ ਕੋਈ ਉੱਮਰ ਨਹੀਂ ਹੁੰਦੀ, ਕੁਝ ਨਵਾਂ ਕਰੀਏ, ਕੁਝ ਨਵਾਂ ਸਿਰਜੀਏ। ਆਪਣੇ ਸਮੇਂ ਨੂੰ ਬਰਬਾਦ ਨਾ ਕਰੀਏ ਪਿਛਲੀਆਂ ਹੋਈਆਂ ਗਲਤੀਆਂ ਤੋਂ ਸਿੱਖ ਕੇ ਅਸੀਂ ਆਪਣਾ ਆਉਣ ਵਾਲਾ ਭਵਿੱਖ ਸੁਧਾਰ ਸਕਦੇ ਹਾਂ। ਧੰਨਵਾਦ

**ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ**

## Know the Historical Fact Behind 12 O' Clock Before Cracking Joke



In 17th century, a Mughal ruler Nadir Shah invaded India. He destroyed Delhi and turned it into a horrific city of theft, looting and robberies. Not only this, Nadir Shah imprisoned a lot of women and children as well. Nadir Shah imprisoned almost 2000 women and the Sikh community decided to retaliate against him. Shah had a huge army which outnumbered the Sikhs and the community avoided a direct and frontal attack. So instead, they used to surprise his army with midnight guerilla attacks on their settlements with which they safeguarded a lot of women and reached them safely to their houses. This technique in which the Sikhs attacked Nadir Shah's army at 12 midnight was successful in liberating many women prisoners however a lot of Sardars were martyred too. This whole story has not been given enough credit and recognition in our Indian history because of which people aren't aware of such facts.

# HERITAGE

## ਨੈਕਸਸ ਦੀ ਐਪਲੀਕੇਸ਼ਨ ਫੀਸ 50 ਡਾਲਰ ਦੀ ਥਾਂ ਹੋਵੇਗੀ 120 ਡਾਲਰ




ਨੈਕਸਸ ਦੀ ਬਦੌਲਤ ਕੈਨੇਡਾ ਤੇ ਅਮਰੀਕਾ ਵਿੱਚ ਬਿਨਾਂ ਕਿਸੇ ਦੇਰ ਦੇ ਆ ਜਾ ਸਕਣ ਵਾਲੇ ਟਰੈਵਲਰਜ਼ ਨੂੰ ਸਤੰਬਰ ਤੋਂ ਬਾਅਦ ਦੁੱਗਣਾ ਮੁੱਲ ਤਾਰਨਾ ਪੈ ਸਕਦਾ ਹੈ। ਕੈਨੇਡੀਅਨ ਅਧਿਕਾਰੀਆਂ ਅਨੁਸਾਰ ਪਹਿਲੀ ਅਕਤੂਬਰ ਤੋਂ ਪਹਿਲਾਂ ਤੋਂ ਹੀ ਕੈਨੇਡਾ ਤੇ ਅਮਰੀਕਾ ਦਰਮਿਆਨ ਤੇਜ਼ੀ ਨਾਲ ਸਫਰ ਕਰਨ ਵਾਲੇ ਟਰੈਵਲਰਜ਼ ਨੂੰ ਨੈਕਸਸ ਲਈ ਐਪਲੀਕੇਸ਼ਨ ਫੀਸ 50 ਅਮਰੀਕੀ ਡਾਲਰ ਦੀ ਥਾਂ 120 ਅਮਰੀਕੀ ਡਾਲਰ ਦੇਣੀ ਪੈ ਸਕਦੀ ਹੈ। ਨੈਕਸਸ ਨੂੰ 2002 ਵਿੱਚ ਲਾਂਚ ਕੀਤਾ ਗਿਆ ਸੀ ਤੇ ਉਸ ਸਮੇਂ ਤੋਂ ਹੀ ਇਸ ਦੀ ਫੀਸ 50 ਅਮਰੀਕੀ ਡਾਲਰ ਸੀ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦਾ ਕਹਿਣਾ ਹੈ ਕਿ ਹੁਣ ਐਨੀ ਘੱਟ ਫੀਸ ਨਾਲ ਖਰਚੇ ਹੀ ਪੂਰੇ ਨਹੀਂ ਹੁੰਦੇ।

## ਹਰਪਾਲ ਸਿੰਘ ਦੀ ਹਰਿਆਣਾ ਦੇ ਪੰਜਾਬੀ ਵਿਭਾਗ ਦੇ ਡਾਇਰੈਕਟਰ ਵਜੋਂ ਨਿਯੁਕਤੀ



ਉੱਘੇ ਸਮਾਜ ਸੇਵੀ ਅਤੇ ਸ਼ੂਗਰ ਫੈਡ ਹਰਿਆਣਾ ਦੇ ਸਾਬਕਾ ਚੇਅਰਮੈਨ ਸਰਦਾਰ ਹਰਪਾਲ ਸਿੰਘ ਦੀ ਹਰਿਆਣਾ ਸਾਹਿਤ ਅਤੇ ਸੱਭਿਆਚਾਰ ਅਕਾਦਮੀ ਦੇ ਪੰਜਾਬੀ ਵਿਭਾਗ ਦੇ ਡਾਇਰੈਕਟਰ ਵਜੋਂ ਨਿਯੁਕਤੀ ’ਤੇ ਇਲਾਕੇ ਭਰ ਦੇ ਲੋਕਾਂ ਨੇ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਪਿਛਲੇ 4 ਦਹਾਕਿਆਂ ਤੋਂ ਸੂਬੇ ਦੀ ਸਿੱਖ ਸਿਆਸਤ ਵਿੱਚ ਅਹਿਮ ਸਥਾਨ ਕਾਇਮ ਰੱਖਣ ਵਾਲੇ ਹਰਪਾਲ ਸਿੰਘ ਨੇ ਆਪਣੇ ਸਮਾਜਿਕ ਜੀਵਨ ਦੀ ਸ਼ੁਰੂਆਤ ਗੁਹਲਾ ਚੀਕਾ ਤੋਂ ਕੀਤੀ ਸੀ। ਹਰਪਾਲ ਸਿੰਘ ਨੇ ਲਗਾਤਾਰ 28 ਸਾਲ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਅਤੇ ਨੌਵੀਂ ਚੀਕਾ ਦਾ ਪ੍ਰਬੰਧ ਸੰਭਾਲਦੇ ਹੋਏ ਹਿੰਦੂ, ਮੁਸਲਿਮ, ਸਿੱਖ ਅਤੇ ਇਸਾਈ ਸਮੇਤ ਸਮਾਜ ਦੇ ਸਾਰੇ ਵਰਗਾਂ ਨੂੰ ਗੁਰਦੁਆਰਾ ਸਾਹਿਬ ਨਾਲ ਜੋੜ ਕੇ ਸਮੁੱਚੇ ਸੂਬੇ ਵਿੱਚ ਭਾਈਚਾਰਕ ਸਾਂਝ ਅਤੇ ਏਕਤਾ ਦੀ ਇੱਕ ਵੱਖਰੀ ਮਿਸਾਲ ਕਾਇਮ ਕੀਤੀ ਸੀ।

## PR ਪ੍ਰਾਪਤ ਕਰਨ ਦੇ ਇੱਛੁਕਾਂ ਲਈ ਕੈਨੇਡਾ ਸਰਕਾਰ ਨੇ ਫ਼ੀਸ ’ਚ ਕੀਤਾ ਵੱਡਾ ਵਾਧਾ

ਕੈਨੇਡਾ ਸਰਕਾਰ ਨੇ NRIs ਨੂੰ ਵੱਡਾ ਝਟਕਾ ਦਿੰਦੇ ਹੋਏ ਇਮੀਗ੍ਰੇਸ਼ਨ ਫੀਸਾਂ ’ਚ ਬੇਤਹਾਸ਼ਾ ਵਾਧਾ ਕੀਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ (IRCC) ਨੇ ਸਥਾਈ ਨਿਵਾਸ (PR) ਅਰਜ਼ੀਆਂ ਲਈ ਦੇਸ਼ ਦੀ ਇਮੀਗ੍ਰੇਸ਼ਨ ਫੀਸ ’ਚ ਔਸਤਨ 12 ਫ਼ੀਸਦੀ ਦਾ ਵਾਧਾ ਕਰਨ ਦਾ ਐਲਾਨ ਕੀਤਾ ਹੈ। ਕੈਨੇਡੀਅਨ ਸਰਕਾਰ ਨੇ ਕਿਹਾ ਹੈ ਕਿ ਇਹ ਨਿਯਮ 30 ਅਪ੍ਰੈਲ ਤੋਂ ਲਾਗੂ ਹੋਣਗੇ। ਤੁਹਾਨੂੰ ਦੱਸ ਦੇਈਏ ਕਿ IRCC ਹਰ ਦੋ ਸਾਲ ਬਾਅਦ ਫ਼ੀਸ ’ਚ ਤਬਦੀਲੀ ਕਰਦੀ ਹੈ ਅਤੇ ਆਖ਼ਰੀ ਵਾਧਾ ਅਪ੍ਰੈਲ, 2022 ’ਚ ਕੀਤਾ ਗਿਆ ਸੀ।




### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਕਿਹੜਾ ਲੰਗਰ ਸਾਡੀ ਮਨ ਦੀ ਭੁਖ ਨੂੰ ਸ਼ਾਂਤ ਕਰ ਸਕਦਾ ਹੈ?**

a. ਪੂਰੀਆਂ ਦਾ b. ਰਾਜਮਾ-ਚੌਲ ਦਾ
c. ਗਿਆਨ ਦਾ d. ਮਿੱਠੇ ਪਕਵਾਨਾਂ ਦਾ

**2. ਗੁਰੂ ਅਰਜਨ ਸਾਹਿਬ ਜੀ ਦੀ ਰਹਿਨੁਮਾਈ ਹੇਠ “ਆਦਿ ਗ੍ਰੰਥ” ਲਿਖਣ ਦੀ ਸੇਵਾ ਕਿਸ ਸਿੱਖ ਨੇ ਨਿਭਾਈ?**

a. ਬਾਬਾ ਬੁੱਢਾ ਜੀ b. ਭਾਈ ਗੁਰਦਾਸ ਜੀ
c. ਭਾਈ ਕਲਿਆਣਾ ਜੀ d. ਭਾਈ ਮੰਝ ਜੀ

**3. ਗੁਰੂ ਅਰਜਨ ਸਾਹਿਬ ਜੀ ਨੇ ਕਿਹੜਾ ਸ਼ਹਿਰ ਅਤੇ ਸਰੋਵਰ ਵਸਾਇਆ ਸੀ ਜਿੱਥੇ ਕੋੜ੍ਹੀਆਂ ਦੀ ਸੇਵਾ ਲਈ ਕੋਹੜ ਘਰ ਬਣਾਇਆ ਗਿਆ ਸੀ ?**

a. ਅੰਮ੍ਰਿਤਸਰ b. ਗੋਇੰਦਵਾਲ
c. ਅਨੰਦਪੁਰ d. ਤਰਨ ਤਾਰਨ

**4. ਦਸਤਾਰ ਦੀ ਮਹਾਨਤਾ ਨੂੰ ਉਜਾਗਰ ਕਰਨ ਲਈ ਸਾਹਿਬਜ਼ਾਦਾ ਬਾਬਾ ਫਤਹਿ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ 18 ਦਸੰਬਰ, 2022 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਵਿਖੇ ਹੋਏ ਰਾਸ਼ਟਰੀ ਦਸਤਾਰ ਬੰਦੀ ਸਮਾਗਮ ਵਿੱਚ ਕਿੰਨੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਦਸਤਾਰ ਸਜਾਈ?**

a. 1000 b. 2100
c. 1300 d. 1100

(ਦੇਖੋ ਉੱਤਰ ਪੰਨਾ 4 ’ਤੇ)

# CAREER COUNSELLING

## *Few tips to become Good Team Leader*



Narinder Pal Singh

Meet the man from India (Bihar State) who built India's largest Agriculture startup worth one billion USD.

1. Everybody was shocked when Shashank Kumar left his high-paying consulting job at Beacon after graduating from IIT Delhi India. He returned to his hometown in India ( Small village in Bihar State name - Chhapra) to do something unbelievable. The IITian wanted to venture into farming.
2. 95% of farmers in this area had less than two acres of land and earned just 1000 USD annually. Shashank saw the solution in growing high-value crops. He spoke to farmers, but they denied taking the words of a 24-year-old boy seriously. He had to come up with something else.
3. Shashank started working with farmers to earn their trust. While working, he realised that it was not just crops. The entire value chain, from seed to market, was broken. Shashank and his four friends wanted to solve that. In 2012, start up venture was born name – Dehaat (Village).
4. Like its name, Dehaat wanted to solve for Rural India. The idea was simple - full stack model from crop advisory to high-quality input access. Shashank started with a call center to give advisory and access services but soon realized this was a mistake.
5. Farmers' trust was impossible over a phone call. So, Shashank used a network of local agents called "Krishi Saarthis" (Agriculture Friend). They were familiar with farmers and took face-to-face orders of seeds, fertilizers and pesticides. Finally, Dehaat had a model and started growing.
6. Its personalized crop advisory became a hit with farmers. Dehaat started getting 1000 metric tons of orders from farmers. Shashank knew that bulk orders would come from investing in technology. He started reaching out to investors, but his nightmare had just begun.
7. Almost 80 investors rejected Dehaat. Nobody had conviction in the scalability of the model. Shashank knew that it was a matter of time. By 2015, 3G Phones rolled out, and the Agritech sector changed in India.
8. VCs started looking at the sector seriously. Meanwhile, Dehaat scaled to a revenue of 5 million USD in 2019. In that year, it raised its first institutional round of 4 million USD led by Omnivore. With precise information about farm patterns and crop cycles, it scaled to insurance and warehousing services through a franchisee model.
9. By 2021, it had grown eight times to 40 million USD in revenue. It raised funding of over 40 million USD across two rounds. Dehaat serviced 400,000 farmers across 11 agricultural states. And, the biggest news came out.
10. Dehaat raised 100 million USD led by Sofina and Lightrock. The biggest funding round had happened in the space as Dehaat became India's most valued Agritech company worth 70 million USD. It scaled to 2000 institutions and one million farmers across 110,000 villages in India. Today, Dehaat does orders worth 300,000 metric tons. It has also acquired five agritech companies to support its technology and offerings.


## SIKH MATRIMONIALS

Gursikh Girl/35/5'4"/PhD(Biotechnology)/ Canada PR/ Father Doctor Ex Army/ Seeking Qualified Gursikh Match Contact +91 9815542987

Sikh girl 31/5'/ B.Tech /Canada PR/ Tech Advisor/ Parents Retd Govt official in Mohali SAS Nagar Contact +91 98157 75166

Gursikh Boy 28/5'11"/ M.Eng Univ. Of Windsor, Canada/ Quality Engineer Package 50000$CAD./PR holder/ Contact+91 8171651165

Gursikh Boy 28/5'4"/Post Graduate from Universty of Fraser Valley/ Working with OnActuate Consulting Inc. in Vancouver, Canada/ Contact Father +91 9213844777


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. C 2. B 3. D 4. C

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)



email: canadasikhtimes@gmail.com, M: +1 437 673 7555